Urgent
Budget
Matter

1/10/2016-1ਵਿ.ਬ.1/925

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ- 1 ਸ਼ਾਖਾ)

ਮਿਤੀ ਚੰਡੀਗੜ੍ਹ: 9/5/17

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ ਅਤੇ ਜਿਲ੍ਹਾ ਸੈਸ਼ਨ ਜੱਜ,
ਸਮੂਹ ਉੱਪ ਮੰਡਲ ਅਫਸਰ (ਸਿਵਲ) ।

ਵਿਸ਼ਾ:- ਪੰਜਾਬ ਸਰਕਾਰ ਦੇ ਵੱਖ-2-ਦਫਤਰਾਂ ਨੂੰ ਆਪਣੇ-ਆਪਣੇ ਭਵਨਾਂ/ਸਰਕਾਰੀ ਬਿਲਡਿੰਗਾਂ ਵਿੱਚ ਸ਼ਿਫਟ ਕਰਨ ਬਾਰੇ ।

************

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਨੇ ਚੰਡੀਗੜ੍ਹ, ਮੋਹਾਲੀ ਅਤੇ ਫੀਲਡ ਦਫਤਰਾਂ ਲਈ ਸਰਕਾਰੀ ਦਫਤਰਾਂ ਦੇ ਆਵਾਸ ਵਾਸਤੇ ਭਵਨ ਉਸਾਰੇ ਹਨ। ਜਿਸ ਤਰਾਂ ਕਿ ਪੁੱਡਾ ਭਵਨ, ਵਿਕਾਸ ਭਵਨ, ਕਰ ਭਵਨ, ਜੰਗਲਾਤ ਭਵਨ, ਲਾਇਵ ਸਟਾਕ ਭਵਨ, ਵਿੱਤ ਅਤੇ ਯੋਜਨਾ ਭਵਨ, ਸਥਾਨਕ ਸਰਕਾਰ ਭਵਨ, ਉਦਯੋਗ ਭਵਨ, ਅਨਾਜ ਭਵਨ ਅਤੇ ਮੰਡੀ ਭਵਨ ਜਾਂ ਫੀਲਡ ਦਫਤਰਾਂ ਵਿੱਚ ਮਿੰਨੀ ਸਕੱਤਰੇਤ ਆਦਿ। ਇਨ੍ਹਾਂ ਭਵਨਾਂ/ਮਿੰਨੀ ਸਕੱਤਰੇਤਾਂ/ਡੀ.ਏ.ਸੀ ਦੇ ਉਸਾਰੇ ਜਾਣ ਦਾ ਮਕਸਦ ਕੇਵਲ ਇਹ ਹੀ ਸੀ ਕਿ ਪੰਜਾਬ ਸਰਕਾਰ ਦੇ ਜੋ ਦਫਤਰ ਵੱਖ-2 ਥਾਵਾਂ ਜਾਂ ਪ੍ਰਾਈਵੇਟ ਬਿਲਡਿੰਗਾਂ ਵਿੱਚ ਬੈਠੇ ਹਨ, ਨੂੰ ਇੱਕ ਜਗਾ ਇਕੱਠਾ ਕੀਤਾ ਜਾ ਸਕੇ। ਕਈ ਵਿਭਾਗਾਂ ਦੇ ਸਰਕਾਰੀ ਦਫਤਰ, ਇਹਨਾਂ ਭਵਨਾਂ ਵਿੱਚ ਸ਼ਿਫਟ ਵੀ ਹੋ ਚੁੱਕੇ ਹਨ।

2. ਇਹ ਦੇਖਿਆ ਗਿਆ ਹੈ ਕਿ ਚੰਡੀਗੜ੍ਹ, ਮੋਹਾਲੀ ਅਤੇ ਫੀਲਡ ਵਿੱਚ ਇਨ੍ਹਾਂ ਭਵਨਾਂ/ਮਿੰਨੀ ਸਕੱਤਰੇਤਾਂ/ਡੀ.ਏ.ਸੀ ਦੇ ਬਣ ਜਾਣ ਕਰਕੇ ਕਈ ਸਰਕਾਰੀ ਦਫਤਰ ਆਪਣੇ ਸਬੰਧਤ ਭਵਨ ਵਿੱਚ ਨਹੀਂ ਗਏ ਹਨ ਜਾਂ ਨਹੀਂ ਜਾ ਰਹੇ ਹਨ ਜਿਸ ਕਰਕੇ ਪੰਜਾਬ ਸਰਕਾਰ ਨੂੰ ਇਨ੍ਹਾਂ ਦਫਤਰਾਂ ਵਲੋਂ ਉਨ੍ਹਾਂ ਬਿਲਡਿੰਗਾਂ ਦਾ ਕਿਰਾਇਆ ਆਦਿ ਦੇਣਾ ਪੈ ਰਿਹਾ ਹੈ ਜਿਨ੍ਹਾਂ ਪ੍ਰਾਈਵੇਟ ਬਿਲਡਿੰਗਾਂ ਵਿੱਚ ਇਹ ਦਫਤਰ ਸਥਿਤ ਹਨ ।

3. ਆਮ ਰਾਜ ਪ੍ਰਬੰਧ ਵਿਭਾਗ ਨੂੰ ਚੰਡੀਗੜ੍ਹ ਅਤੇ ਮੋਹਾਲੀ ਵਿਖੇ ਪੰਜਾਬ ਸਰਕਾਰ ਦੇ ਦਫਤਰਾਂ ਨੂੰ ਵੱਖ-2- ਥਾਵਾਂ ਵਾਸਤੇ ਬਿਲਡਿੰਗਾਂ ਕਿਰਾਏ ਤੇ ਲੈਣ ਲਈ ਨੋਡਲ ਵਿਭਾਗ ਘੋਸ਼ਿਤ ਕੀਤਾ ਗਿਆ ਹੈ ਅਤੇ ਇਹ ਵਿਭਾਗ, ਪੰਜਾਬ ਸਰਕਾਰ ਦੇ ਵੱਖ-2- ਵਿਭਾਗ ਜੋ ਕਿ ਪ੍ਰਾਈਵੇਟ ਬਿਲਡਿੰਗਾਂ ਵਿਚ ਆਵਾਸ ਕਰ ਰਹੇ ਹਨ, ਨੂੰ ਸਰਕਾਰੀ ਬਿਲਡਿੰਗਾਂ ਵਿੱਚ ਸ਼ਿਫਟ ਕਰਨ ਲਈ ਵੀ

Scanned by CamScanner

ਕਾਰਵਾਈ ਕਰਵਾਉਂਦਾ ਹੈ । ਵੱਖ-2 ਵਿਭਾਗਾਂ ਦੇ ਭਵਨਾਂ ਦੀ ਉਸਾਰੀ ਹੋਣ ਨਾਲ ਜਿਹੜੇ ਸਰਕਾਰੀ ਦਫਤਰ ਸਰਕਾਰੀ ਬਿਲਡਿੰਗਾਂ ਵਿੱਚ ਸਥਿਤ ਸਨ, ਉਹਨਾਂ ਨੂੰ ਸਬੰਧਤ ਭਵਨਾਂ ਵਿੱਚ ਸ਼ਿਫਟ ਕਰਨ ਦੀ ਅਤਿ ਜ਼ਰੂਰਤ ਹੈ ਤਾਂ ਜੋ ਇਹਨਾਂ ਸਰਕਾਰੀ ਦਫਤਰਾਂ ਵਿੱਚ ਆਪਣੇ ਸਬੰਧਤ ਭਵਨਾਂ ਵਿੱਚ ਦਫਤਰ ਵੱਲ ਜਾਣ ਕਰਕੇ ਕਾਫੀ ਜਗ੍ਹਾਂ ਖਾਲੀ ਹੋ ਗਈ ਹੋਵੇਗੀ। ਇਸ ਲਈ ਜਿਹੜੇ ਸਰਕਾਰੀ ਦਫਤਰ ਅਜੇ ਵੀ ਪ੍ਰਾਇਵੇਟ ਬਿਲਡਿੰਗਾਂ ਵਿੱਚ ਆਵਾਸ ਕਰ ਰਹੇ ਹਨ, ਨੂੰ ਉਪਰੋਕਤ ਦੱਸੇ ਭਵਨਾਂ ਜਾਂ ਪੰਜਾਬ ਸਰਕਾਰ ਦੀਆਂ ਖਾਲੀ ਸਰਕਾਰੀ ਬਿਲਡਿੰਗਾਂ ਵਿੱਚ ਸ਼ਿਫਟ ਕਰਨ ਦੀ ਅਤੀ ਜਰੂਰਤ ਹੈ ।

4. ਇਸ ਤੋਂ ਇਲਾਵਾਂ ਪੰਜਾਬ ਸਰਕਾਰ ਵਲੋਂ ਵੱਖ-2-ਵਿਭਾਗਾਂ ਲਈ ਚੰਡੀਗੜ੍ਹ, ਮੋਹਾਲੀ ਜਾਂ ਫੀਲਡ ਵਿੱਚ ਉਸਾਰੇ ਗਏ ਭਵਨਾਂ ਤੋਂ ਇਲਾਵਾ ਕਈ ਅਜਿਹੇ ਹੋਰ ਵੀ ਵਿਭਾਗ ਹਨ ਜਿਨ੍ਹਾਂ ਲਈ ਭਵਨ ਉਸਾਰੇ ਨਹੀਂ ਗਏ ਹਨ । ਅਜਿਹੇ ਵਿਭਾਗਾਂ ਦੇ ਕਈ ਦਫਤਰ ਅਜੇ ਵੀ ਪ੍ਰਾਇਵੇਟ ਬਿਲਡਿੰਗਾਂ ਵਿੱਚ ਆਵਾਸ ਕਰ ਰਹੇ ਹਨ, ਨੂੰ ਵੀ ਆਮ ਰਾਜ ਪ੍ਰਬੰਧ ਵਿਭਾਗ ਜਾਂ ਪ੍ਰਬੰਧਕੀ ਵਿਭਾਗ, ਜੋ ਵੀ ਸਬੰਧਤ ਹੋਵੇ, ਨਾਲ ਤਾਲਮੇਲ ਕਰਕੇ ਸਰਕਾਰੀ ਬਿਲਡਿੰਗਾਂ ਵਿੱਚ ਤੁਰੰਤ ਸ਼ਿਫਟ ਕਰਨ ਦੀ ਜਰੂਰਤ ਹੈ ।

5. ਉਪਰੋਕਤ ਨੂੰ ਮੱਦੇ ਨਜਰ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ ਚੰਡੀਗੜ੍ਹ, ਮੋਹਾਲੀ ਜਾਂ ਫੀਲਡ ਵਿੱਖੇ ਜੋ ਵੀ ਦਫਤਰ ਪ੍ਰਾਈਵੇਟ ਬਿਲਡਿੰਗਾਂ ਵਿੱਚ ਸਥਿਤ ਹਨ, ਨੂੰ ਆਪਣੇ ਵਿਭਾਗ ਦੇ ਸਬੰਧਤ ਭਵਨਾਂ ਵਿੱਚ ਤੁਰੰਤ ਸ਼ਿਫਟ ਕਰ ਦਿੱਤਾ ਜਾਵੇ ਪਰ ਜਿਹੜੇ ਵਿਭਾਗਾਂ ਲਈ ਅਜੇ ਭਵਨ ਨਹੀਂ ਉਸਾਰੇ ਗਏ ਹਨ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਮ ਰਾਜ ਪ੍ਰਬੰਧ ਵਿਭਾਗ/ਪ੍ਰਬੰਧਕੀ ਵਿਭਾਗ , ਜੋ ਵੀ ਸਬੰਧਤ ਹੋਵੇ, ਨਾਲ ਸੰਪਰਕ ਕਰਕੇ ਆਪਣੇ ਦਫਤਰਾਂ ਨੂੰ ਸਰਕਾਰੀ ਬਿਲਡਿੰਗਾਂ ਜਾਂ ਦੂਜੇ ਵਿਭਾਗਾਂ ਦੇ ਬਣੇ ਭਵਨਾਂ ਵਿੱਚ, ਜੇਕਰ ਉਥੇ ਥਾਂ ਉਪਲਬੱਧ ਹੋਵੇ, ਵਿੱਚ ਸ਼ਿਫਟ ਕਰਨ ਲਈ ਤੁਰੰਤ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਓ।

6. ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸਾਰੀ ਕਾਰਵਾਈ ਹਰ-ਹਾਲਤ ਵਿੱਚ ਮਿਤੀ 30-06-2017 ਤੱਕ ਮੁਕੰਮਲ ਕੀਤੀ ਜਾਵੇ ।

7. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 30-06-2017 ਤੋਂ ਬਾਅਦ ਕਿਸੇ ਵੀ ਵਿਭਾਗ ਨੂੰ ਵਿੱਤ ਵਿਭਾਗ ਵਲੋਂ ਬਿਲਡਿੰਗਾਂ ਦੇ ਕਿਰਾਏ ਵਾਸਤੇ ਅਦਾਇਗੀ ਲਈ ਕੋਈ ਵੀ ਫੰਡਜ ਮੁਹੱਈਆਂ ਨਹੀਂ ਕਰਵਾਏ ਜਾਣਗੇ ਅਤੇ ਇਸ ਮਕਸੱਦ ਲਈ ਕਿਸੇ ਵੀ ਵਿਭਾਗ ਵਲੋਂ ਵਿੱਤ ਵਿਭਾਗ ਨੂੰ ਅਪ੍ਰੋਚ ਨਾ ਕੀਤਾ ਜਾਵੇ । ਇਸ ਪ੍ਰੀਕਿਰਿਆ ਵਿੱਚ ਸਾਰੀ ਜਿੰਮੇਵਾਰੀ ਪ੍ਰਬੰਧਕੀ ਵਿਭਾਗ/ਵਿਭਾਗ ਦੇ ਮੁੱਖੀ ਦੀ ਹੋਵੇਗੀ ।

ਹਰਵਿੰਦਰ ਸਿੰਘ

ਬਜਟ ਅਫਸਰ

ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਅਧੀਨ ਆਉਂਦੇ ਵਿਭਾਗਾਂ ਦੇ ਮੁਖੀਆਂ ਕੋਲੋਂ

Scanned by CamScanner

ਇਨ੍ਹਾਂ ਹਦਾਇਤਾਂ ਦੀਆਂ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ.ਵਿ.ਪੱ.ਨੰ:-1/10/2016-1ਵਿ.ਬ.1/੧੨੬ ਮਿਤੀ, ਚੰਡੀਗੜ੍ਹ। ੧।੫।੧੭

ਇੱਕ ਉਤਾਰਾ ਸਕੱਤਰ ਵਿੱਤ, ਪੰਜਾਬ ਸਰਕਾਰ ਅਤੇ ਆਮਦਨ ਕਰ ਸਲਾਹਕਾਰ, ਵਿੱਤ ਵਿਭਾਗ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

ਸਕੱਤਰ ਵਿੱਤ ਅਤੇ ਆਮਦਨ ਕਰ ਸਲਾਹਕਾਰ ।

ਅੰ.ਵਿ.ਪੱ.ਨੰ:-1/10/2016-1ਵਿ.ਬ.1/੧੨੭ ਮਿਤੀ, ਚੰਡੀਗੜ੍ਹ: ੧।੫।੧੭

ਇਸ ਦਾ ਇੱਕ ਉਤਾਰਾ ਅਧੀਨ ਸਕੱਤਰ ਵਿੱਤ (ਜ); ਅਧੀਨ ਸਕੱਤਰ ਵਿੱਤ (ਸ) ਅਤੇ ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

ਅਧੀਨ ਸਕੱਤਰ ਵਿੱਤ (ਜ);
ਅਧੀਨ ਸਕੱਤਰ ਵਿੱਤ(ਸ);
ਸੁਪਰਡੰਟ, ਸਮੂਹ ਵਿੱਤ ਖਰਚਾ ਸ਼ਾਖਾਵਾਂ ਅਤੇ ਵਿੱਤ ਬਜਟ 2 ਸ਼ਾਖਾ।

ਅੰ.ਵਿ.ਪ.ਨੰ:1/10/2016-1 ਵਿ:ਬ:1/੧੨੮ ਮਿਤੀ, ਚੰਡੀਗੜ੍ਹ: ੧।੫।੧੭

Scanned by CamScanner